# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 26-05-2024**

ਦੇਸ਼ ਦੇ ਹੋਰਨਾਂ ਹਿੱਸਿਆਂ ਵਾਂਗ ਪੰਜਾਬ ਵਿਚ ਵੀ ਚੋਣ ਪ੍ਰਚਾਰ ਹੁਣ ਪੂਰੀਆਂ ਤਰ੍ਹਾਂ ਨਾਲ ਭਖ ਗਿਆ ਏ। ਵੱਖ ਵੱਖ ਪਾਰਟੀਆਂ ਦੇ ਆਗੂ ਪ੍ਰਚਾਰ ਵਿਚ ਰੁਝੇ ਹੋਏ ਨੇ। ਕਾਂਗਰਸ ਆਗੂ ਪ੍ਰਿਯੰਕਾ ਗਾਂਧੀ ਅੱਜ ਸ੍ਰੀ ਫਤਹਿਗੜ੍ਹ ਸਾਹਿਬ ਅਤੇ ਜਲੰਧਰ ਵਿਚ ਚੋਣ ਰੈਲੀ ਕਰਨਗੇ। ਪਟਿਆਲਾ ਤੇ ਲੁਧਿਆਣਾ ਲੋਕਸਭਾ ਹਲਕੇ ਵਿਚ, 29 ਮਈ ਨੂੰ ਕਾਂਗਰਸ ਪਾਰਟੀ ਦੇ ਆਗੂ ਰਾਹੁਲ ਗਾਂਧੀ ਦੀਆਂ ਚੋਣ ਰੈਲੀਆਂ ਕਰਵਾਉਣ ਦਾ ਪ੍ਰੋਗਰਾਮ ਉੱਲੀਕਿਆ ਜਾ ਰਿਹਾ ਏ। ਓਧਰ ਲੁਧਿਆਣਾ ਵਿਚ BJP ਦੇ ਸੀਨੀਅਰ ਆਗੂ ਅਮਿਤ ਸ਼ਾਹ ਚੋਣ ਰੈਲੀ ਨੂੰ ਸਬੋਧਨ ਕਰਨਗੇ। ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿਲੀ ਦੇ ਮੁਖ ਮੰਤਰੀ ਅਰਵਿੰਦ ਕੇਜਰੀਵਾਲ ਅੱਜ ਬਠਿੰਡਾ ਲੋਕ ਸਭਾ ਹਲਕੇ

ਵਿਚ ਚੋਣ ਪ੍ਰਚਾਰ ਕਰਨਗੇ। ਖੰਨੇ 'ਚ BJP ਦੇ ਸੀਨੀਅਰ ਆਗੂ ਰਾਜਨਾਥ ਸਿੰਘ ਨੇ ਇਕ ਚੋਣ ਰੈਲੀ ਨੂੰ ਸੰਬੋਧਨ ਕੀਤਾ।

-----------------------------------------------------

ਪੰਜਾਬ BJP ਦੇ ਪ੍ਰਧਾਨ ਸੁਨੀਲ ਜਾਖੜ ਨੇ ਲੋਕ ਸਭਾ ਹਲਕਾ ਸ੍ਰੀ ਆਨੰਦਪੁਰ ਸਾਹਿਬ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ, ਡਾਕਟਰ ਸੁਭਾਸ਼ ਸ਼ਰਮਾ ਦੀ ਮੁਹਾਲੀ ਵਿਖੇ ਚੋਣ ਮੁਹਿੰਮ ਨੂੰ ਸੰਬੋਧਨ ਕੀਤਾ। ਸੁਨੀਲ ਜਾਖੜ ਨੇ ਸੁਭਾਸ਼ ਸ਼ਰਮਾ ਦੀ ਜਿੱਤ ਲਈ ਵੋਟ ਅਪੀਲ ਕੀਤੀ। ਓਹਨਾਂ ਕੇਂਦਰੀ ਸਕੀਮਾਂ ਰਾਹੀਂ ਹਰ ਗਰੀਬ, ਕਿਸਾਨ, ਔਰਤਾਂ ਅਤੇ ਵਾਂਝੇ ਵਰਗ ਦੀ ਸਾਰ ਲੈਣ ਵਾਲੇ ਨਰੇਂਦਰ ਮੋਦੀ ਦੀ ਸਰਕਾਰ ਸਦਕਾ 400 ਸੀਟਾਂ ਜਿੱਤਣ ਦੀ ਆਸ ਪ੍ਰਗਟ ਕੀਤੀ। ਓਹਨਾਂ ਦਸ ਸਾਲ ਚ ਕਿਸਾਨਾਂ ਦੀ ਆਮਦਨ ਦੂਗਣੀ ਕਰਨ ਲਈ ਮੋਦੀ ਸਰਕਾਰ ਦੇ ਯਤਨਾਂ ਅਤੇ ਸਹਾਇਕ ਧੰਦਿਆਂ ਡੇਅਰੀ,ਪਸ਼ ਪਾਲਣ ਦੀ ਆਮਦਨ ਦੇ ਅੰਕੜੇ ਸਮੇਤ ਤੱਥ ਜਨਤਾ ਸਾਹਮਣੇ ਰੱਖੇ।

-----------------------------------------------------

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੇ

ਜੀਜੇ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੂੰ ਪਾਰਟੀ ਵਿਰੋਧੀ ਕਾਰਵਾਈਆਂ ਕਾਰਨ, ਸ਼੍ਰੋਮਣੀ ਅਕਾਲੀ ਦਲ ਚੋਂ ਕੱਢ ਦਿੱਤਾ ਗਿਆ ਏ। ਅਕਾਲੀ ਦਲ ਨੇ ਪਾਰਟੀ ਵਿਰੋਧੀ ਕਾਰਵਾਈਆਂ ਦਾ ਦੋਸ਼ ਲਾਉਂਦਿਆਂ ਉਨ੍ਹਾਂ ਦੀ ਮੁਢਲੀ ਮੈਂਬਰਸ਼ਿਪ ਤੁਰੰਤ ਰੱਦ ਕਰ ਦਿਤੀ ਏ।

--------------------------------------------------

ਹਿਮਾਚਲ ਪ੍ਰਦੇਸ਼ ਦੇ ਨਾਲ ਲੱਗਦੇ ਨੀਮ ਪਹਾੜੀ ਹੁਸ਼ਿਆਰਪੁਰ ਲੋਕਸਭਾ ਹਲਕੇ ਵਿਚ 4 ਆਜ਼ਾਦ ਉਮੀਦਵਾਰਾਂ ਸਮੇਤ ਕੁਲ 16 ਉਮੀਦਵਾਰ ਚੋਣ ਮੈਦਾਨ ਵਿਚ ਨਿਤਰੇ ਹੋਏ ਨੇ। ਹਲਕੇ ਵਿਚ ਵੋਟਰਾਂ ਦੀ ਗਿਣਤੀ 16 ਲੱਖ 1 ਹਜ਼ਾਰ 826 ਏ। ਇਨਾਂ ਵਿਚ 8 ਲੱਖ 30 ਹਜ਼ਾਰ 840 ਮਰਦ, 7 ਲੱਖ 70 ਹਜ਼ਾਰ 942 ਔਰਤ ਤੇ 44 ਥਰਡ ਜੈਂਡਰ ਵੋਟਰ ਸ਼ਾਮਲ ਨੇ। ਇਨਾਂ ਵੋਟਰਾਂ ਲਈ ਇਕ ਹਜ਼ਾਰ 963 ਮਤਦਾਨ ਕੇਂਦਰ ਬਣਾਏ ਗਏ ਨੇ।

--------------------------------------------------

ਮੌਸਮ ਵਿਭਾਗ ਨੇ ਪੰਜਾਬ ਵਿਚ ਪਿਛਲੇ ਕਈ ਦਿਨਾਂ ਤੋਂ ਜਬਰਦਸਤ ਕਹਿਰ ਢਾ ਰਹੀ ਝੁਲਸਾ ਦੇਣ ਵਾਲੀ ਗਰਮੀ ਦਾ ਜ਼ੋਰ ਹੁਣ ਹੋਰ ਵਧਣ

ਦੀ ਚੇਤਾਵਨੀ ਦਿੱਤੀ ਏ । ਵਿਭਾਗ ਨੇ 29 ਮਈ ਤਕ ਸੂਬੇ ਦੇ ਵੱਖ ਹਿੱਸਿਆਂ ਵਿਚ ਗਰਮੀ ਤੇ ਲੂ ਸੰਬੰਧੀ ਯੈਲੋ, ਓਰੇਂਜ ਤੇ ਰੇਡ ਅਲਰਟ ਜਾਰੀ ਕੀਤਾ ਏ । ਤਾਪਮਾਨ ਦੇ ਹਿਸਾਬ ਨਾਲ ਬਠਿੰਡਾ ਦਾ ਤਾਪਮਾਨ ਪਿਛਲੇ ਕਈ ਦਿਨਾਂ ਤੋਂ ਸਬ ਤੋਂ ਵੱਧ ਚਾਲ ਰਿਹਾ ਏ । ਏਧਰ ਕੌਮੀ ਆਫ਼ਤ ਪ੍ਰਬੰਧਨ ਅਥਾਰਿਟੀ ਨੇ ਲੂ ਦੇ ਇਸ ਗੰਭੀਰ ਹਾਲਾਤ ਨੂੰ ਵੇਖਦੇ ਹੋਏ ਸਵੇਰੇ 11 ਤੋਂ ਸ਼ਾਮ 4 ਵਜੇ ਤਕ ਬਾਹਰ ਜਾਣ ਤੋਂ ਪਰਹੇਜ ਕਰਨ ਦੀ ਸਲਾਹ ਦਿੱਤੀ ਏ। ਲੋਕਾਂ ਦਾ ਵੀ ਕਹਿਣਾ ਏ ਕਿ ਅੱਤ ਦੀ ਗਰਮੀ ਤੋਂ ਉਹ ਬਹੁਤ ਪਰੇਸ਼ਾਨ ਨੇ।